# ਫਿਸਟੂਲਾ ਜਾਂ ਗਰਾਫਟ ਵਿਚ ਸੂਈ ਪਾਉਣ ਤੋਂ ਪਹਿਲਾਂ ਮਾਸ ਸੁੰਨ ਕਰਨ ਵਾਲੀ ਕਰੀਮ ਦੀ ਵਰਤੋਂ

ਮਰੀਜ਼ ਦੀ ਸਿੱਖਿਆ ਲਈ ਪੈਂਫਲਿਟ

BCRenal
an agency of the Provincial Health Services Authority

## ਟੌਪੀਕਲ ਐਨਿਸਥੈਟਿਕ ਕਰੀਮ ਕੀ ਹੈ?

ਟੌਪੀਕਲ ਐਨਿਸਥੈਟਿਕ ਕਰੀਮ (ਜਿਵੇਂ ਇਮਲ੍ਹਾ® ਜਾਂ ਮੈਕਸੀਲੀਨ-4® ਕਰੀਮ) ਸੂਈ ਪਾਉਣ ਤੋਂ ਪਹਿਲਾਂ ਚਮੜੀ ਨੂੰ ਆਰਜ਼ੀ ਸਮੇਂ ਲਈ ਸਲਾਉਣ ਜਾਂ ਸੁੰਨ ਕਰਨ ਲਈ ਵਰਤੀ ਜਾਂਦੀ ਹੈ।

## ਕੀ ਕੋਈ ਸਾਈਡ ਇਫੈਕਟ ਹਨ?

ਸਾਈਡ ਇਫੈਕਟ ਬਹੁਤ ਘੱਟ ਹੁੰਦੇ ਹਨ ਅਤੇ ਇਨ੍ਹਾਂ ਵਿਚ ਚਮੜੀ ਦੀ ਕਰੀਮ ਵਾਲੀ ਥਾਂ ਚਿੱਟੀ ਹੋਣਾ ਜਾਂ ਲਾਲ ਹੋਣਾ ਅਤੇ ਚਮੜੀ ਥੋੜ੍ਹਾ ਜਿਹਾ ਫੁੱਲਣਾ ਅਤੇ ਸਾੜ ਪੈਣਾ ਜਾਂ ਖਾਜ ਹੋਣਾ ਸ਼ਾਮਲ ਹੋ ਸਕਦੇ ਹਨ। ਇਹ ਆਮ ਰੀਐਕਸ਼ਨ ਹਨ ਅਤੇ ਬਿਨਾਂ ਕਿਸੇ ਇਲਾਜ ਦੇ ਹਟ ਜਾਣਗੇ।

## ਟੌਪੀਕਲ ਐਨਿਸਥੈਟਿਕ ਕਰੀਮ ਕਦੋਂ ਲਗਾਈ ਜਾਣੀ ਚਾਹੀਦੀ ਹੈ?

ਟੌਪੀਕਲ ਐਨਿਸਥੈਟਿਕ ਕਰੀਮ ਡਾਇਆਲਿਸਸ ਤੋਂ ਘੱਟੋ ਘੱਟ ਇਕ ਘੰਟਾ ਪਹਿਲਾਂ ਲਗਾਉਣਾ ਸਭ ਤੋਂ ਬਿਹਤਰ ਹੈ। ਇਸ ਨਾਲ ਇਸ ਨੂੰ ਸੂਈ ਪਾਉਣ ਤੋਂ ਪਹਿਲਾਂ ਕੰਮ ਕਰਨ ਲਈ ਕਾਫੀ ਸਮਾਂ ਮਿਲ ਜਾਂਦਾ ਹੈ।


## ਟੌਪੀਕਲ ਐਨਿਸਥੈਟਿਕ ਕਿਵੇਂ ਲਾਈ ਜਾਂਦੀ ਹੈ?

ਹੀਮੋਡਾਇਆਲਿਸਸ ਯੂਨਿਟ ਤੋਂ ਜਾਣ ਤੋਂ ਪਹਿਲਾਂ ਆਪਣੀ ਨਰਸ ਨੂੰ ਪੁੱਛੋ ਕਿ ਅਗਲੀ ਵਾਰੀ ਹੀਮੋਡਾਇਆਲਿਸਸ ਹੋਣ ਵੇਲੇ ਕਿਹੜੀ ਥਾਂ ’ਤੇ ਸੂਈ ਪਾਉਣ ਦੀ ਪਲੈਨ ਹੈ।

* ਅਗਲੀ ਵਾਰੀ ਆਪਣਾ ਹੀਮੋਡਾਇਆਲਿਸਸ ਹੋਣ ਤੋਂ ਘੱਟੋ ਘੱਟ ਇਕ ਘੰਟਾ ਪਹਿਲਾਂ, ਤਰਕੀਬਨ 1.25 ਸੈਂਟੀਮੀਟਰ (0.5 ਇੰਚ) ਜਾਂ ਪੰਜੀ ਦੇ ਸਿੱਕੇ ਦੇ ਆਕਾਰ ਦੀ ਕਰੀਮ ਕੱਢ ਕੇ ਸੂਈ ਪਾਉਣ ਵਾਲੀ ਹਰ ਥਾਂ ’ਤੇ ਲਗਾਉ। ਜੇ ਤੁਹਾਨੂੰ ਇਹ ਪੱਕਾ ਪਤਾ ਨਹੀਂ ਹੈ ਕਿ ਕਿਹੜੀ ਥਾਂ ’ਤੇ ਸੂਈ ਪਾਈ ਜਾਣੀ ਹੈ ਤਾਂ ਕਰੀਮ ਨੂੰ ਸੂਈ ਵਾਲੀ ਪਿਛਲੀ ਥਾਂ ਦੇ ਉੱਪਰ ਜਾਂ ਹੇਠਾਂ ਲਗਾਉ (ਥਾਂ ਬਦਲੀ ਲਈ)।



ਆਰਟਰੀਓਵੀਨਸ (ਏ ਵੀ) ਫਿਸਟੂਲਾ



ਪੀ ਟੀ ਐੱਫ ਈ ਗਰਾਫਟ

* ਜਿਸ ਥਾਂ ’ਤੇ ਸੂਈ ਪਾਈ ਜਾਣੀ ਹੈ, ਬਾਂਹ ਦੀਆਂ ਉਨ੍ਹਾਂ ਥਾਂਵਾਂ ਦੁਆਲੇ ਕਲੀਅਰ ਪਲਾਸਟਿਕ ਦੀ ਪੱਟੀ (ਰੈਪ) ਲਪੇਟੋ। ਕਰੀਮ ਨੂੰ ਹੋਰਨਾਂ ਥਾਂਵਾਂ ’ਤੇ ਨਾ ਲਗਾਉ ਜਾਂ ਇਸ ਨੂੰ ਆਪਣੀ ਚਮੜੀ ਉੱਪਰ ਲਾਉਣ ਦੀ ਕੋਸ਼ਿਸ਼ ਨਾ ਕਰੋ।

ਡਾਇਆਲਿਸਸ ਦਾ ਸਮਾਂ ਹੋਣ ’ਤੇ ਪਲਾਸਟਿਕ ਦੀ ਪੱਟੀ (ਰੈਪ) ਲਾਹ ਦਿਉ, ਕਰੀਮ ਨੂੰ ਪੂੰਝ ਦਿਉ ਅਤੇ ਕਲੋਰੋਹੈਕਸੀਡਾਈਨ ਅਤੇ ਅਲਕੋਹਲ ਨਾਲ ਸਾਰੀ ਥਾਂ ਸਾਫ ਕਰ ਦਿਉ।

ਅੱਖਾਂ ਦੇ ਨੇੜੇ ਜਾਂ ਖੁਲ੍ਹੇ ਜ਼ਖਮਾਂ ’ਤੇ ਨਾ ਲਗਾਉ।

** ਜੇ ਤੁਹਾਡੀ ਨਰਸ ਤੁਹਾਨੂੰ ਹੈਪਾਰੀਨ ਵਾਇਲ ਦਾ ਢੱਕਣ ਲਾਹ ਕੇ ਦਿੰਦੀ ਹੈ ਤਾਂ 2 ਅਤੇ 3 ਦੀ ਥਾਂ ’ਤੇ ਇਹ ਚੀਜ਼ਾਂ ਕਰੋ:*

ਢੱਕਣ ਦੇ ਪਿਛਲੇ ਪਾਸੇ ਕਰੀਮ ਦੀ ਇਕ ਸੰਘਣੀ ਤਹਿ ਲਗਾਉ।

ਢੱਕਣ ਨੂੰ ਸੂਈ ਪਾਉਣ ਵਾਲੀਆਂ ਥਾਂਵਾਂ ਉੱਪਰ ਰੱਖੋ ਅਤੇ ਟੇਪ ਲਾ ਦਿਉ।

*ਵੈਨਕੂਵਰ ਜਨਰਲ ਹਸਪਤਾਲ ਫਾਰਮੇਸੀ ਡਿਪਾਰਟਮੈਂਟ ਵਲੋਂ ਤਿਆਰ ਕੀਤੇ ਗਏ ਪੇਸ਼ੈਂਟ ਟੀਚਿੰਗ ਪੈਂਫਲਿਟ ਤੋਂ ਧੰਨਵਾਦ ਸਹਿਤ ਅਪਣਾਇਆ।*

ਇਸ ਪੈਂਫਲਿਟ ਵਿਚਲੀ ਜਾਣਕਾਰੀ ਸਿਰਫ ਸਿੱਖਿਆ ਅਤੇ ਜਾਣਕਾਰੀ ਦੇਣ ਦੇ ਮੰਤਵਾਂ ਲਈ ਹੈ ਅਤੇ ਇਹ ਤੁਹਾਡੀ ਬੀਮਾਰੀ ਅਤੇ ਇਲਾਜ ਬਾਰੇ ਇਲਾਜ ਕਰਨ ਵਾਲੀ ਟੀਮ ਨਾਲ ਗੱਲਬਾਤ ਵਿਚ ਮਦਦ ਲਈ ਹੀ ਦਿੱਤੀ ਗਈ ਹੈ। ਇਹ ਡਾਕਟਰੀ ਸਲਾਹ ਨਹੀਂ ਹੈ ਅਤੇ ਇਹ ਤੁਹਾਡੇ ਡਾਕਟਰ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਮਾਹਰਾਂ ਵਲੋਂ ਦਿੱਤੀ ਜਾਣ ਵਾਲੀ ਸਲਾਹ ਦਾ ਬਦਲ ਨਹੀਂ ਬਣਨੀ ਚਾਹੀਦੀ।

Application of Topical Anaesthetic Prior to Cannulation of a Fistula or Graft [Punjabi]